## ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ,ਪੰਜਾਬ
## ਐਸ.ਸੀ.ਓ ਨੰ:104-106,ਦੂਜੀ-ਤੀਜੀ ਮੰਜ਼ਿਲ,ਸੈਕਟਰ 34-ਏ,
## ਚੰਡੀਗੜ੍ਹ

ਵੱਲ

ਪੰਜਾਬ ਰਾਜ ਦੇ ਸਮੂਹ
ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)

ਮੀਮੋ ਨੰ. ਐਮ.ਡੀ.ਐਮ.ਸੀ/ ਐਮ.ਐਫ.ਜੀ/2009/8902-8921
ਮਿਤੀ 26/11/09

**ਵਿਸ਼ਾ:-** **ਅਧਿਆਪਕਾ ਦੁਆਰਾ ਹਾਜਰੀ ਰਜਿਸਟਰ ਨੂੰ ਖਾਲੀ ਛੱਡਕੇ ਬਾਅਦ ਵਿੱਚ ਹਾਜਰੀ ਲਗਾਉਣ ਬਾਰੇ।**

1.0 ਆਪ ਦਾ ਧਿਆਨ ਇਸ ਦਫ਼ਤਰ ਦੇ ਪੱਤਰ ਨੰ. ਐਮ.ਡੀ.ਐਮ.ਸੀ/ ਐਮ.ਐਫ.ਜੀ/2009/7297-7316 ਮਿਤੀ 09/09/09 ਵੱਲ ਦਿਵਾਇਆ ਜਾਂਦਾ ਹੈ। ਜਿਸ ਰਾਹੀਂ ਆਪ ਨੂੰ ਬੇਨਤੀ ਕੀਤੀ ਗਈ ਸੀ ਕਿ ਅਧਿਆਪਕਾਂ ਵਿੱਚ ਹਾਜਰੀ ਰਜਿਸਟਰ ਨੂੰ ਖਾਲੀ ਛੱਡਣ ਅਤੇ ਗੈਰ ਹਾਜਰ ਬੱਚਿਆਂ ਦੇ ਖਾਨੇ ਬਾਅਦ ਵਿੱਚ ਆਪਣੀ ਮਰਜੀ ਅਨੁਸਾਰ ਭਰਨ ਦੇ ਰੁਝਾਨ ਨੂੰ ਖਤਮ ਕਰਨ ਲਈ ਕਾਰਵਾਈ ਕੀਤੀ ਜਾਵੇ। ਪਰ ਮੇਰੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਇਸ ਸਬੰਧ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ ਅਤੇ ਇਹ ਰੁਝਾਨ ਇਸ ਤਰ੍ਹਾਂ ਹੀ ਬਰਕਰਾਰ ਹੈ।

2.0 ਇਹ ਇੱਕ ਬਹੁਤ ਵੱਡਾ ਜੁਰਮ ਹੈ, ਇਸ ਲਈ ਆਪ ਸਭ ਨੂੰ ਇਹ ਤਾਕੀਦ ਕੀਤੀ ਜਾਂਦੀ ਹੈ ਕਿ ਹਰ ਰੋਜ਼ ਵੱਧ ਤੋਂ ਵੱਧ ਸਕੂਲਾਂ ਨੂੰ ਚੈਕ ਕੀਤਾ ਜਾਵੇ ਅਤੇ ਆਪਣੇ ਹੋਰ ਕਰਮਚਾਰੀਆਂ ਤੋਂ ਵੀ ਕਰਵਾਇਆ ਜਾਵੇ ਤਾਂ ਜ਼ੋ ਇਸ ਬੁਰੀ ਆਦਤ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।

**ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ**